# ਕਵਿਤਾ ਦੇ ਰੂਪ

## 1. ਗੀਤ :-

ਪ੍ਰਗੀਤ ਸਭ ਤੋਂ ਸੰਬੋਧਨੀ ਹੁੰਦਾ ਹੈ, T.S. Eliot ਅਨੁਸਾਰ ਦੀ ਪ੍ਰਗੀਤ ਕਵੀ ਆਜਿਹਾ ਉਚਾਰ ਹੁੰਦਾ ਹੈ ਜਿਸ ਵਿੱਚ ਕਵੀ ਆਪਣੇ - ਆਪ ਨੂੰ ਸੰਬੋਧਿਤ ਹੁੰਦਾ ਹੈ ਜਾਂ ਕਿਸੇ ਨੂੰ ਵੀ ਨਹੀਂ ਹੁੰਦਾ। ਮੇਰੀ ਰਾਇ ਦੇ ਸੰਬੋਧਨ ਦਾ ਮੂਲ ਆਧਾਰ ਹੈ, ਇਹ ਕਵੀ ਦੀ ਆਪਣੇ ਆਪ ਨੂੰ ਸਾਰੀ ਬੋਲੀ ਹੁੰਦੀ ਹੈ, ਆਧੁਨਿਕ ਪ੍ਰਗੀਤ ਵਿੱਚ ਆਂਤਰਿਕ ਗਾਇਕ ਸੰਗੀਤ ਹੁੰਦਾ ਹੈ। ਇਸ ਨੂੰ ਪਛੜੇ ਇਕ ਪ੍ਰਕਾਰ ਦੇਖ ਲੱਗਦਾ ਹੈ, ਪ੍ਰਗੀਤ ਵਿਚਲੇ ਸ਼ਬਦ ਤਰਕ, ਸਬਰ ਤੇ ਸੰਗੀਤਾਤਮਕ ਹੁੰਦੇ ਹਨ। ਪ੍ਰਗੀਤ ਪ੍ਰਤੀ ਸਾਤੇ ਵਿਚਾਰਧਾਰਾ ਦਾ ਆਂਤਰਿਕ ਅਨੁਭਵ ਹੁੰਦਾ ਹੈ। ਪ੍ਰਗੀਤ ਪੰਜਾਬੀ ਵਿੱਚ ਲਿਰਿਕ ਦਾ ਪਰਿਆਵਾਚੀ ਸ਼ਬਦ ਹੈ ਇਹ ਯੂਨਾਨੀ ਸ਼ਬਦ ਤੋਂ ਬਣਿਆ ਹੈ।
Lure Lyric

ਇਸਦੀਆਂ ਵਿਸ਼ੇਸ਼ਤਾਵਾਂ ਇਹ ਹਨ:-

1. ਆਕਾਰ ਵਿੱਚ ਨਿੱਕੀ
2. ਗੀਤਾਂ ਵਿੱਚ ਸੁੱਧੀ
3. ਨਿੱਜੀ ਅਨੁਭਵੀ
4. ਵੀਚਾਰਾਤਮਕ ਰਹਿ

ਭਾਵ ਦੁੱਖ ਤੇ ਗਮੀ ਜਾਂ ਸਰਦ ਵਾਲੀ ਕਵਿਤਾ ਹੁੰਦੀ ਹੈ। ਜਿਵੇਂ ਇਸੇ ਦਾ ਪ੍ਰਸਿੱਧ ਕਵੀ ਕਹਿੰਦਾ ਹੈ: "ਵਿਯੋਗੀ ਹੋਗਾ ਪਹਿਲਾ ਕਵੀ ਆਹ ਸੇ ਨਿਕਲਾ ਹੋਗਾ ਗਾਨ।" (ਸੁਮਿਤਰਾ ਨੰਦਨ ਪੰਤ)

Shelly ਠੀਕ ਕਹਿੰਦਾ ਹੈ:- "Our Sweetest Songs are those that tell of Sadest thought."

ਭਾਵ ਸੰਜੋਗ, ਵਿਜੋਗ ਪ੍ਰਤੀ ਗੀਤਾਂ ਦੀ ਤੀਬਰਤਾ ਤੇ ਵਿਆਕੁਲਤਾ ਦੇ ~~ਰੂਪ~~ ਵਿੱਚ ਕਵੀ ਸਭ

ਜਾ ਉੱਠਦਾ ਹੈ ਤਾਂ ਆਸ਼ਿਕੀ ਕਵਿਤਾਂ ਦੀ ਸਿਰਜਣਾ ਹੁੰਦੀ ਹੈ। ਗੀਤ ਬਿਲਕੁਲ ਤਰਲ ਰੂਪ ਧੁੰਨਾਂ ਵਰਗਾ ਹੁੰਦਾ ਹੈ ਜਿਸ ਵਿਚ ਧੁੱਨਾਂ ਵਰਗਾ ਸੰਗੀਤਕ, ਲੈਅ ਤੇ ਤੋਲ ਹੁੰਦੀ ਹੈ। ਸਾਰਾ ਪ੍ਰਭਾਵ-ਸ਼ਕਤੀ ਇਸ ਵਿਚ ਸਮੋਇਆ ਹੁੰਦੀ ਹੈ। ਇਸੇ ਨੂੰ ਹੀ ਸਰੋਦੀ ਕਾਵਿ ਜਾਂ ਗੀਤ (Melodious Songs) ਕਿਹਾ ਜਾਂਦਾ ਹੈ।

ਜਦ ਵੀ ਕਾਵਿ ਨੂੰ ਰਸਮਈ ਤੇ ਭਾਵਮਈ ਬਣਾ ਦੇਂਦਾ ਹੈ ਤਾਂ ਕਾਵਿ ਵਿਚ ਮਧੁਰਤਾ, ਸਿਹਜ, ਰਸ, ਪਦਵੀ, ਤਾਲ, ਲੈਅ ਤੇ ਵਾਰਤਿ ਆ ਜਾਂਦਾ ਹੈ। ਅੱਗੇ ਕਲਪਨਾ ਕਾਵਿ ਵਿਚ ਸ਼ਿੰਗਾਰ ਤੇ ਸਜਾਵਟ ਕਰਕੇ ਰੰਗ ਦੇਂਦੀ ਹੈ। ਕਲਪਨਾ ਸੁੰਦਰ ਬਿੰਬਾਵਲੀ ਸਿਰਜਦੀ ਹੈ। ਕਵਿਤਾ ਤਸਵੀਰ ਬਣ ਜਾਂਦੀ ਹੈ ਜੋ ਸੁਹੱਪਣ ਬੋਲਦੀ ਹੈ। ਕਪੋਲ (fancy) ਤੇ ਸੁਪਨ ਚਿੱਤਰ (Fantasy or Phantasy) ਕਲਪਨਾ (Imagination) ਦੀਆਂ ਕਿਰਿਆਂ ਹੁੰਦੀਆਂ ਹਨ। ਇਹ ਸਧਾਰਨ ਵਿਸ਼ਿਆਂ ਵਿੱਚ ਚਮਤਕਾਰ ਪੈਦਾ ਕਰਦੀ ਹੈ। ਆਸ਼ਿਕੀ ਕਵਿਤਾ ਅੰਦਰਮੁੱਖੀ ਜਾਂ ਅੰਤਰਮੁੱਖੀ ਅਨੁਭਵ ਨਾਲ ਸੰਬੰਧ ਰੱਖਦੀ ਹੈ। ਅਲੰਕਾਰ ਇਸ ਵਿਚ ਸੰਜਮ ਤੇ ਢੁੱਕਵਾਂ ਪੈਦਾ ਕਰਦੇ ਹਨ। ਛੰਦ ਤੋਲ ਤੇ ਰਸ ਨੂੰ ਤੀਬਰਤਾ ਪ੍ਰਦਾਨ ਕਰਦਾ ਹੈ। ਤੁਕਾਂਤ ਕੇਵਲ ਰਸ ਵਿੱਚ ਸਿਹਜ ਭਰਦਾ ਹੈ।

ਵਿਸ਼ਵਾਸ ਹੈ ਕਿ ਆਸ਼ਿਕੀ ਕਵਿਤਾ ਵਿੱਚ ਅਨੁਭਵੀ ਜਾਂ ਵਿਚਾਰ ਕਿਸੇ ਹੋਏ ਹੋਣ ਵੀ ਸਰਬ ਸਾਂਝੇ (Universal) ਤੇ ਸਮਾਜੀ ਰਹਿ ਤੇ ਸਧਾਰਨੀ ਕਰਣ (genralised) ਕੀਤੇ ਹੋਏ ਹਨ ਤਾਂ ਜੋ ਇਨ੍ਹਾਂ ਵਿੱਚ ਵਿਅਕਤੀ ਸ਼ਕਤੀ ਸਮੂਹਕ ਹੁੰਦੀ ਹੈ। ਆਸ਼ਿਕੇ ਜਦ ਸ੍ਰੇਣੀ ਰਹਿਤ (classless) ਹੁੰਦੇ ਹਨ। ਕਿਸੇ ਹੋਏ ਹੋਏ ਵੀ ਅਵਾਮ (masses) ਦੇ। ਇਨ੍ਹਾਂ ਦੇ ਰਹਿ-ਜਦ ਪ੍ਰਤੀਤ ਹੁੰਦੇ ਹਨ।

1. "ਕਲਪਨਾ ਤੇ ਵਿਚਾਰ ਤੇ ਸ਼ਬਦਾਵਲੀ ਹੈ ਜਿਨ੍ਹਾਂ ਵਿੱਚ ਵਲਵਲਾ ਆਪਣੇ ਆਪ ਨੂੰ ਨਿਰੂਪਨ ਕਰਦਾ ਹੈ।" (ਮਿਲ)

2. "ਕਵਿਤਾ ਤੋਂ ਭਾਵ ਅਜਿਹਾ ਸ਼ਬਦ ਪ੍ਰਯੋਗ ਹੈ ਜਿਵੇਂ ਕਿ ਸਾਰੇ ਕਲਪਨਾ ਦੀ ਧੁੰਦ ਵਿਛਦੀ ਜਾਪੇ।" (Macoulary)

3. "ਅਸੰਭਵ ਨੂੰ ਵਿਸ਼ਵਾਸ ਜੋਗ ਬਣਾਉਣ ਵਾਲੀ ਰਚਨਾ ਕਵਿਤਾ ਹੈ।" (ਵਿਰਕ)

4. "ਕਲਪਨਾ ਸਹੀ ਖ਼ਿਆਲਾਂ ਤੇ ਭਾਵਨਾਵਾਂ ਦੁਆਰਾ ਜੋ ਲੋਕਾਂ ਵਿੱਚ ਠੋਸ ਛੁਹਣਾ ਦੇਂਦੀ ਹੈ ਉਹ ਕਵਿਤਾ ਹੈ।" (Houseman)

5. "ਮਨੁੱਖੀ ਮਨ ਦਾ ਲੈਅਬੱਧਤੀ ਤੇ ਸਰੋਦੀ ਬੋਲੀ ਵਿੱਚ ਨਿਰਪੇਖ ਪ੍ਰਗਟਾ ਕਵਿਤਾ ਹੈ।" (ਵਾਟਸ ਡੰਟਨ)

6. "ਅਦ੍ਰਿਸ਼ ਨੂੰ ਦੇਹ ਵਿੱਚ ਲਿਆਉਣ ਤੇ ਪਰਛਾਵਿਆਂ ਨੂੰ ਰੂਪਮਾਨ ਕਰਨ ਦੀ ਕਲਾ ਕਵਿਤਾ ਹੈ" (ਬਾਰਕੇ)

7. "ਕਵਿਤਾ ਸ਼ਬਦ ਸਹੀ ਸੰਗੀਤ ਹੈ ਤੇ ਸੰਗੀਤ ਧੁਨੀ ਸਹੀ ਕਵਿਤਾ।" (ਫ਼ਲਕ)

8. ਕਵਿਤਾ ਖਿਆਲ ਦਾ ਸੰਗੀਤ ਹੈ ਜੋ ਬੋਲੀ ਦੇ ਸੰਗੀਤ ਰਾਹੀਂ ਪ੍ਰਗਟਾਇਆ ਜਾਂਦਾ ਹੈ। (ਚੈਟਫੀਲਡ)

9. ਕਵਿਤਾ ਗ਼ਮ ਦੀ ਦੇਣ ਹੈ, ਹਰ ਆਦਮੀ ਜੋ ਰੋਂਦਾ ਪੈਂਦਾ ਹੈ ਉਹ ਕਵੀ ਹੈ। ਉਸਦੇ ਹੰਝੂਆਂ ਦਾ ਹਰ ਤੁਪਕਾ ਕਵਿਤਾ ਦੀ ਸਤਰ ਹੈ (ਅੰਗਰੇਜ਼)

10. ਬਾਇਰਨ ਲਿਖਦੇ ਕਿ ਕਵਿਤਾ ਭਾਵੇਂ ਕਲਪਨਾਮਈ ਕਹਾਣੀ ਹੈ, ਫਿਰ ਵੀ ਇਸਦੇ ਅੰਦਰ ਸੱਚ ਪੂਰੇ ਰੂਪ ਵਿੱਚ ਛੁਪਿਆ ਹੈ।

ਸਵੈਜੀ ਜਾਂ ਅੰਤਰਮੁਖੀ ਕਾਵਿ ਵਿੱਚ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੀ ਹੈ, ਪਰੰਤੂ ਬਾਹਰਮੁਖੀ ਕਵਿਤਾ ਵੀ ਇਸ ਤੋਂ ਦਾ ਤਿਆਗ ਨਹੀਂ ਕਰ ਸਕਦੀ।

ਅਨਿੱਜੀ ਜਾਂ ਬਾਹਰਮੁਖੀ ਕਾਵਿ (Impersonal or objective poetry) ਜਿੱਥੇ ਕਾਵਿ ਵਿੱਚ ਕਵੀ ਬਾਹਰੀ ਸੰਸਾਰ ਨੂੰ ਆਪਣੇ ਅੰਦਰ ਜਗਤ ਦੇ ਰੰਗ ਰੰਗਦਾ ਹੈ, ਇਹ ਸਵੈ-ਚਿਤਰ ਦੀ ਕਵਿਤਾ ਹੈ। ਪਰ ਬਾਹਰਮੁਖੀ ਕਵਿਤਾ ਵਿੱਚ ਕਵੀ ਬਾਹਰੀ ਸੰਸਾਰ ਤੇ ਆਧਾਰ ਬਣਾਇਆ ਜਾਂਦਾ ਹੈ। ਇਸ ਨੂੰ ਅੱਗੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :-

1. ਬਿਰਤਾਂਤੀ (Narrative)
2. ਨਾਟਕੀ (Dramatic)

# ਗ਼ਜ਼ਲ

ਪੰਜਾਬੀ ਵਿੱਚ ਗ਼ਜ਼ਲ ਫ਼ਾਰਸੀ, ਕਾਵਿ-ਪਰੰਪਰਾ ਦੀ ਦੇਣ ਹੈ। 'ਗ਼ਜ਼ਲ' ਦਾ ਸ਼ਾਬਦਿਕ ਅਰਥ ਹੈ ਇਸਤਰੀਆਂ ਨਾਲ ਗੱਲਾਂ ਕਰਨਾ। ਪਰ ਆਧੁਨਿਕ ਅਰਥੀ ਨੇ ਦੱਸਿਆ ਕਿ ਗ਼ਜ਼ਲ ਉਸ ਦਰਦਨਾਕ ਆਵਾਜ਼ ਨੂੰ ਕਹਿੰਦੇ ਹਨ - ਜੋ ਸ਼ਿਕਾਰੀ ਕੁੱਤਿਆਂ ਤੋਂ ਜਾਨ ਬਚਾਉਣ ਵਿੱਚ ਨਿਰਾਸ਼ ਹੋਇਆ ਹਿਰਨ ਗਲੇ ਦੇ ਗਲੋਂ ਕੱਢਦਾ ਹੈ। ਕਾਵਿ ਖੇਤਰ ਵਿੱਚ ਪਹਿਲਾਂ ਇਹ ਸਿਰਫ਼ ਦਰਦੀਲੀ ਅਤੇ ਪ੍ਰੇਮ ਦੀਆਂ ਸਾਂਝਾਂ ਵਾਲੀ ਕਵਿਤਾ ਲਈ ਵਰਤਿਆ ਜਾਂਦਾ ਹੈ, ਪਰ ਬਾਦ ਵਿੱਚ ਇਸ ਵਿੱਚ ਹੋਰ ਵਿਸ਼ੇ ਸ਼ਾਮਿਲ ਹੋ ਗਏ। ਗ਼ਜ਼ਲ ਦੇ ਪਹਿਲੇ ਸ਼ੇਅਰ ਨੂੰ ਮਤਲਾ ਅਤੇ ਆਖਰੀ ਸ਼ੇਅਰ ਨੂੰ ਮਕਤਾ ਆਖਿਆ ਜਾਂਦਾ ਹੈ।

**ਡਾ. ਜੀਤ ਸਿੰਘ ਸੀਤਲ ਦੇ ਵਿਚਾਰ ਅਨੁਸਾਰ →**

"ਗਜ਼ਲ ਤੋਂ ਭਾਵ ਉਸ ਪਿਆਰ ਭਰੀ ਗੱਲਬਾਤ ਹੈ ਜਿਹੜੀ ਨੀਵੀਂ-ਨੀਵੀਂ ਆਵਾਜ਼ ਵਿੱਚ ਬੁੱਲ੍ਹਾਂ ਹੇਠ ਆਪਣੇ ਪ੍ਰੇਮੀ ਨਾਲ ਕੀਤੀ ਜਾਵੇ।"

**ਲੱਛਣ :-**

1. **ਕਾਫੀਆ :-**

ਕਾਫ਼ੀਆ ਸ਼ਿਅਰ ਵਿੱਚ ਰਦੀਫ਼ ਤੋਂ ਪਹਿਲਾਂ ਆਉਣ ਵਾਲਾ ਉਹ ਸ਼ਬਦ ਹੈ, ਜਿਸਦਾ ਅੰਤਲਾ ਇਕ ਅੱਖਰ ਟਿਕਾਊ ਹੁੰਦਾ ਹੈ। ਉਸ ਤੋਂ ਪੂਰਬ ਦਾ ਅੱਖਰ ਬਦਲਦਾ ਹੈ। ਕਾਫ਼ੀਆ ਉਹ ਅੱਖਰ ਸਮੂਹ ਹੈ ਜੋ ਬਾਰ-ਬਾਰ ਸ਼ਿਅਰਾਂ ਵਿੱਚ ਆ ਕੇ ਉਹਨਾਂ ਨੂੰ ਗਜ਼ਲ ਦਾ ਰੂਪ ਪ੍ਰਦਾਨ ਕਰਦਾ ਹੈ। ਸ਼ਿਅਰਾਂ ਦੀ ਰਚਨਾ ਗਜ਼ਲ ਦੀ ਸਿਰਜਣਾ ਲਈ ਕੀਤੀ ਜਾਂਦੀ ਹੈ। ਇਸ ਲਈ ਕਾਫੀਏ ਰਾਹੀਂ, ਗਜ਼ਲ ਦੇ ਇੱਕ ਸ਼ਿਅਰ ਨਾਲ ਦੂਜੇ ਸ਼ਿਅਰ ਦਾ ਤਕਨੀਕੀ ਰਿਸ਼ਤਾ ਬੰਨ੍ਹਿਆ ਗਿਆ ਹੈ।

2. **ਤੋਲ / ਬਹਿਰ - ਵਜ਼ਨ :-**

ਤੋਲ ਤੋਂ ਬਿਨਾਂ ਕਵਿਤਾ ਦੀ ਸਿਰਜਣਾ ਸੰਭਵ ਨਹੀਂ ਹੈ। ਤੋਲ ਕਾਰਨ ਹੀ ਕਵਿਤਾ ਨੂੰ ਗੱਦ ਨਿਖੇੜਿਆ ਜਾ ਸਕਦਾ ਹੈ। ਗਜ਼ਲਕਾਰ ਵਿਚਾਰ ਨੂੰ ਗਜ਼ਲ ਲਈ ਨਿਸ਼ਚਿਤ ਕੀਤੇ ਤੋਲ ਵਿੱਚ ਹੀ ਰਚਦਾ ਹੈ। ਗਜ਼ਲ ਦੇ ਹਰ ਸ਼ਿਅਰ ਦਾ ਸਮ-ਤੋਲ ਹੋਣਾ ਲਾਜ਼ਮੀ ਹੈ।

3. **ਰਦੀਫ਼ :-**

ਰਦੀਫ਼ ਦਾ ਸ਼ਾਬਦਿਕ ਅਰਥ ਹੈ - 'ਪਿਛਲੱਗ'। ਪਰਿਭਾਸ਼ਕ ਅਰਥ ਅਨੁਸਾਰ ਰਦੀਫ਼ ਉਹ ਅੱਖਰ ਹੈ, ਸ਼ਬਦ ਜਾਂ ਸ਼ਬਦ ਸਮੂਹ ਹੈ, ਜੋ ਕਿਸੇ ਗਜ਼ਲ ਦੇ ਹਰ ਸ਼ਿਅਰ ਵਿੱਚ ਕਾਫ਼ੀਏ ਤੋਂ ਮਗਰੋਂ ਲਗਾਤਾਰ ਅਤੇ ਨਿਸ਼ਚਿਤ ਰੂਪ ਵਿੱਚ ਦੁਹਰਾਇਆ ਜਾਂਦਾ ਹੈ। ਗਜ਼ਲ ਦਾ ਮਤਲਾ ਆਪਣੇ ਪਹਿਲੇ ਮਿਸਰੇ ਵਿੱਚ

ਵਿਚ ਕਾਫ਼ੀਏ - ਰਦੀਫ਼ ਦੀ ਸਥਾਪਨਾ ਕਰਦਾ ਹੈ ਇਨ ਸਾਰੇ ਕਾਫ਼ੀਆਂ ਤਾਂ ਹਰ ਸ਼ਿਅਰ ਵਿੱਚ ਬਦਲਦਾ ਰਹਿੰਦਾ ਹੈ ਪਰ ਰਦੀਫ਼ ਉਹੀ ਦੀ ਉਹੀ ਹੀ ਚਲਦੀ ਹੈ, ਉਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

ਪੰਜਾਬੀ ਵਿੱਚ ਪ੍ਰਮੁੱਖ ਗਜ਼ਲਕਾਰ ਪਰੀਤਮ ਸੀਤੂਫ਼, ਸੋਹਨ ਸਿੰਘ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਗੁਰਮੁਖ ਸਿੰਘ ਮੁਸਾਫ਼ਿਰ ਦੀਵਾਨ ਸਿੰਘ, ਤਖ਼ਤ ਸਿੰਘ, ਸਾਧੂ ਸਿੰਘ ਹਮਦਰਦ, ਸ.ਸ. ਮੀਸ਼ਾ, ਜਗਤਾਰ, ਸੁਰਜੀਤ ਪਾਤਰ, ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਦਾ ਪੰਜਾਬੀ ਗਜ਼ਲ ਦੇ ਖੇਤਰ ਵਿਚ ਇੱਕ ਜ਼ਿਕਰਯੋਗ ਸਥਾਨ ਹੈ। ਸੁਰਜੀਤ ਪਾਤਰ ਦੁਆਰਾ ਰਚਿਤ ਗਜ਼ਲ ਇਸ ਦੀ ਉਦਾਹਰਣ ਵਜੋਂ ਦੇਖੀ ਜਾ ਸਕਦੀ ਹੈ।

"ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।
ਗੀਤ ਦੀ ਮੌਤ ਜੇ ਇਸ ਰਾਤ ਹੋ ਗਈ,
ਮੇਰਾ ਜੀਣਾ ਮੇਰਾ ਯਾਰ ਕਿਵੇਂ ਸਹਿਣਗੇ।
ਇਸ ਅਦਾਲਤ 'ਚੋਂ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ 'ਚੋਂ ਬੰਦੇ ਸੁਣਦਿਆਂ ਸੁੱਕ ਗਏ।
ਆਖੋਂ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੱਕ ਇੱਥੇ ਖੜ੍ਹੇ ਰਹਿਣਗੇ।"

# ਨਜ਼ਮ

'ਨਜ਼ਮ' ਅਰਬੀ ਮੂਲ ਦਾ ਸ਼ਬਦ ਹੈ ਅਤੇ ਇਸਦਾ ਅਰਥ ਹੈ ਮੋਤੀਆਂ ਨੂੰ ਧਾਗੇ ਵਿਚ ਪਿਰੋਣਾ। ਮੋਤੀਆਂ ਨੂੰ ਬੜੀ ਤਰਤੀਬ ਜਾਂ ਸਲੀਕੇ ਨਾਲ ਪਰੋਇਆ ਜਾਂਦਾ ਹੈ। ਕਾਵਿ - ਖੇਤਰ ਵਿਚ ਇਕ ਖਾਸ ਵਿਧਾਨ ਜਾਂ ਤੋਲ ਚੰਗੀ ਤਰਾਂ ਪਰਖ ਤਾਂ ਤਰਤੀਬ ਵਿੱਚ ਸ਼ਬਦਾਂ ਅਤੇ ਖਿਆਲਾਂ ਨੂੰ 'ਨਜ਼ਮ' ਦਾ ਨਾਂ ਦਿੱਤਾ ਜਾਂਦਾ ਹੈ। ਇਸਨੂੰ ਸ਼ਿਅਰ ਵੀ ਕਿਹਾ ਜਾਂਦਾ ਹੈ।

**ਲੱਛਣ :-**

ਉਰਦੂ ਵਿਚ ਕਾਵਿ ਦੇ ਸਾਰੇ ਰੂਪਾਂ ਨੂੰ ਨਜ਼ਮ ਦਾ

ਨਾਂ ਦੇ ਦਿੱਤਾ ਜਾਂਦਾ ਹੈ। ਉਰਦੂ / ਫਾਰਸੀ ਵਿਚ ਨਜ਼ਮ ਨੂੰ ਕਾਫੀਏ ਦੀ ਪਾਬੰਦੀ ਨਾਲ ਲਿਖਿਆ ਜਾਂਦਾ ਹੈ, ਪਰ ਜਿਸ ਨਜ਼ਮ ਵਿੱਚ ਇਸ ਪਾਬੰਦੀ ਨੂੰ ਨਾ ਅਪਣਾਇਆ ਗਿਆ ਹੋਵੇ ਉਸਨੂੰ 'ਆਜ਼ਾਦ ਨਜ਼ਮ' ਕਿਹਾ ਜਾਂਦਾ ਹੈ।

ਬਾਕੀ ਭਾਸ਼ਾਵਾਂ ਵਿਚ ਨਜ਼ਮ ਨੂੰ 'ਕਵਿਤਾ' ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਆਮ ਤੌਰ ਤੇ ਕਵਿਤਾ ਸ਼ਬਦ ਹੀ ਵਰਤਿਆਂ ਜਾਂਦਾ ਹੈ, ਪਰ, ਉਰਦੂ ਫਾਰਸੀ ਪਿਛੋਕੜ ਵਾਲੇ ਕਵੀਆਂ / ਸ਼ਾਇਰਾਂ ਨੇ ਕਵਿਤਾ ਦੀ ਥਾਂ 'ਨਜ਼ਮ' ਸ਼ਬਦ ਦੀ ਵਰਤੋਂ ਹੀ ਕੀਤੀ ਹੈ। ਜਿਸਦਾ ਵਜੋਂ ਤਰਵੈਤ ਸਿੱਧੂ ਨੇ ਆਪਣੇ ਕਾਵਿ-ਸੰਗ੍ਰਹਿ 'ਸੋਨ ਰੰਗ ਤਰਨੁਮ ਤੋਰਾਂ' ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ, ਜਿਨ੍ਹਾਂ ਵਿਚੋਂ ਪਹਿਲੇ ਨੂੰ 'ਨਜ਼ਮਾਂ' ਦੂਜੇ ਨੂੰ 'ਗੀਤ' ਅਤੇ ਤੀਜੇ ਨੂੰ 'ਗਜ਼ਲਾਂ' ਸਿਰਲੇਖ ਦਿੱਤੇ ਗਏ। ਗੀਤਾਂ ਅਤੇ ਗਜ਼ਲਾਂ ਨੂੰ ਅੱਗੋਂ ਗਿਣਤੀ ਅੰਕਾਂ ਨਾਲ ਲਿਖਿਆ ਹੈ ਅਤੇ ਨਜ਼ਮਾਂ ਨੂੰ ਵੱਖਰਾ - ਵੱਖਰਾ ਨਾਂ ਦਿੱਤਾ ਹੈ। 'ਨੀਂਦ ਦੇ ਪਰਛਾਵੇਂ' ਨਾਂ ਦੀ ਨਜ਼ਮ ਦਾ ਨਮੂਨਾ ਵੇਖੋ। ਉਦਾਹਰਣ :-

ਸੁੱਤੇ ਸਿੱਧ ਮੇਰੇ ਨੈਣੀ ਪੈਂਦੇ
ਨੀਂਦਰ ਦੇ ਪਰਛਾਵੇਂ,
ਨਾ ਮੈਨੂੰ ਕਿਸ਼ ਧੀਰਜ ਦੇਵਣ
ਨਾਲੂ ਚੋਣ ਲਿਖਾਵੇਂ,
ਸ਼ਬਨਮ ਕਣ ਅੱਖੀਆਂ ਵੀ ਸਾਂਭੇ
ਰਲਦਾਂ ਸਾਂਦੀਆਂ ਪਈਆਂ,
ਨੇਵਣ ਚਾਅ ਵਿਸਰੀਆਂ ਦਸ਼ਾਵਾਂ
ਨਵ ਨੌਸਲ ਤੇ ਰਹੀਆਂ।
ਸਹਕਿਆਂ ਕੱਚੀ ਨੀਂਦ ਤੋਰੀ ਵਿਚ
ਵਿੰਘ ਮੇਰ ਵਿਚ ਜਾਗੇ,
ਪੀਂਘਿਆ ਗਿਆ ਸਾਗਰ ਕੋਈ ਜਿਉਂ
ਪ੍ਰੀਤ ਦੇ ਦੰਦੀ ਪਾਗੇ, ...

# ਰੁਬਾਈ

'ਰੁਬਾਈ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਹ ਉਸ ਕਾਵਿ ਛੰਦ ਲਈ ਵਰਤਿਆ ਜਾਂਦਾ ਹੈ, ਜਿਸ ਵਿੱਚ ਚਾਰ ਤੁਕਾਂ ਸ਼ਾਮਿਲ ਹੋਣ। ਅਰਬੀ ਵਿੱਚ ਇਸ ਲਈ ਵਿਸ਼ੇਸ਼ ਛੰਦ ਵਿਧਾਨ ਹੈ। ਫ਼ਾਰਸੀ ਵਿੱਚ ਇਸਨੂੰ 'ਦੋ-ਬੈਂਤੀ' ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਦੀਆਂ ਚਾਰ ਤੁਕਾਂ ਨੂੰ ਦੋ ਬੈਂਤ ਮੰਨਿਆ ਜਾਂਦਾ ਹੈ। ਇਸਨੂੰ 'ਤਰਾਨਾ' ਵੀ ਕਿਹਾ ਜਾਂਦਾ ਹੈ। ਉਮਰ ਖ਼ਿਆਮ ਦੀਆਂ ਰੁਬਾਈਆਂ ਬਹੁਤ ਪ੍ਰਸਿੱਧ ਹਨ ਅਤੇ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਉਨ੍ਹਾਂ ਦਾ ਅਨੁਵਾਦ ਹੋਇਆ ਹੈ।

**ਲੱਛਣ :-**

ਇਸ ਵਿੱਚ ਚਾਰ ਚਰਨ (ਤੁਕਾਂ) ਹੁੰਦੇ ਹਨ - ਪਹਿਲਾ, ਦੂਜਾ ਅਤੇ ਚੌਥਾ ਚਰਨ ਸਮ ਤੁਕਾਂਤ ਜਾਂ ਇੱਕੋ ਤੁਕਾਂ ਦੇ ਕਾਫ਼ੀਏ ਵਾਲੇ ਹੁੰਦੇ ਹਨ, ਪਰ ਤੀਜਾ ਚਰਨ ਵੱਖਰੇ ਤੁਕਾਂਤ ਵਾਲਾ ਹੁੰਦਾ ਹੈ।

ਅਰਥ ਤੌਰ ਤੇ ਪਹਿਲੇ ਦੋ ਚਰਨਾਂ ਵਿੱਚ ਇਕ ਖ਼ਿਆਲ ਰੱਖਿਆ ਜਾਂਦਾ ਹੈ, ਤੀਜੇ ਚਰਨ ਵਿੱਚ ਵਿਸਮਾਦ-ਅਰਥ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਆਖ਼ਰੀ ਚਰਨ ਇਸਦੇ ਸਿੱਟੇ ਵਜੋਂ ਸੰਕੇਤ ਕਰਦਾ ਹੈ।

ਫ਼ਾਰਸੀ ਆਲੋਚਕਾਂ ਅਨੁਸਾਰ ਜਿਸ ਰੁਬਾਈ ਵਿੱਚ ਚਾਰੇ ਤੁਕਾਂ ਹਮ-ਕਾਫ਼ੀਆ ਹੋਣ, ਤਾਂ ਉੱਤਮ ਸਮਝਿਆ ਜਾਂਦਾ ਹੈ। **ਉਦਾਹਰਣ :-** ਪੰਜਾਬੀ ਵਿੱਚ ਰੁਬਾਈ ਲਿਖਣ ਦਾ ਸਿਹਰਾ ਭਾਈ ਵੀਰ ਸਿੰਘ ਨੂੰ ਦੀਤਾ ਹੈ।

ਨਮੂਨੇ ਵਜੋਂ :-

ਡਾਲੀ ਨਾਲੋਂ ਤੋੜ ਨ ਸਾਨੂੰ, ਅਸਾਂ ਹੱਟ ਮਹਿਕ ਦੀ ਲਾਈ।
ਲੱਖ ਗਾਹਕ ਜੇ ਸੁੰਘੇ ਆ ਕੇ, ਖਾਲੀ ਇਕ ਨਾ ਜਾਈ।
ਤੂੰ ਜੇ ਇਕ ਤੋੜ ਲੈ ਗਇਓਂ, ਇਕ ਜੋਗਾ ਰਹਿ ਜਾਸਾਂ।
ਉਹ ਭੀ ਤਰਫ਼ ਕਬਰ ਦਾ ਜੋਗਾ, ਹੱਥ ਮਹਿਕ ਲਗ ਜਾਈ।

ਇੱਥੇ ਪਹਿਲੇ, ਦੂਜੇ ਅਤੇ ਚੌਥੇ ਚਰਨਾਂ ਦਾ ਕਾਫ਼ੀਆ ਸਮਾਨ ਹੈ, ਪਰ ਤੀਜੇ ਦਾ ਵੱਖਰਾ ਹੈ। ਚੌਹਾਂ ਚਰਨਾਂ ਵਿੱਚ ਸਮ ਤੁਕਾਂਤ ਵਾਲੀਆਂ ਰੁਬਾਈਆਂ ਡਾ. ਮੋਹਨ ਸਿੰਘ ਦੀ ਕਾਵਿ-ਰਚਨਾ 'ਮਸਤੀ' ਵਿੱਚ ਸੰਕਲਿਤ ਹਨ। ਨਮੂਨੇ ਵਜੋਂ :-

ਕੋਈ ਕੁੜੀਆਂ ਉਡ ਅਸਮਾਨੀ, ਕੋਈ ਕੁੜੀਆਂ ਕੋਠੇ ਵਸ।
ਕੋਈ ਕੁੜੀਆਂ ਮੋਤੀ ਸਤ ਸੈ, ਕੋਈ ਕੁੜੀਆਂ ਚਿੜੀਆਂ ਢਸ।
ਕੋਈ ਕੁੜੀਆਂ ਜਤ ਭੈਣਾ ਕੈ, ਕੋਈ ਫਿਸਰਾ ਝਾ ਤੱਸ-ਤੱਸ।
ਬਾਬਾ ਆਖੇ ਪੱਥਰ ਪਾਣ ਸਾ, ਜਿਥੇ ਚਾਣੇ ਪੱਛੇ ਜਾ ਅਸ।

# ਖੁੱਲ੍ਹੀ ਕਵਿਤਾ

ਖੁੱਲ੍ਹੀ ਕਵਿਤਾ ਤੋਂ ਭਾਵ ਹੈ ਜੋ ਛੰਦ ਜਾਂ ਤੁਕਾਂਤ ਦੀ ਪਾਬੰਦੀ ਨੂੰ ਸਵੀਕਾਰ ਨਾ ਕਰੇ। ਆਧੁਨਿਕ ਭਾਰਤੀ ਭਾਸ਼ਾਵਾਂ ਅਤੇ ਪੰਜਾਬੀ ਭਾਸ਼ਾ ਵਿੱਚ ਖੁੱਲ੍ਹੀ ਕਵਿਤਾ ਦਾ ਆਰੰਭ ਪੱਛਮੀ ਸਾਹਿਤ ਦੇ ਪ੍ਰਭਾਵ ਕਰਕੇ ਹੋਇਆ। ਉਨ੍ਹੀਵੀਂ ਸਦੀ ਵਿੱਚ ਜਰਮਨ ਅਤੇ ਅਮਰੀਕਾ ਦੇ ਰੋਮਾਂਟਿਕ ਕਵੀਆਂ ਨੇ ਪਰੰਪਰਾਵਾਦੀ ਕਾਵਿਕ ਨਿਯਮਾਂ ਅਤੇ ਛੰਦਾਂ-ਬੰਦੀ ਦੀ ਪਾਬੰਦੀ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਕਾਵਿ ਜਜ਼ਬਾ ਕਿਸੇ ਪ੍ਰਕਾਰ ਦੇ ਤੁਕਾਂਤ ਜਾਂ ਛੰਦ ਦਾ ਮੁਹਤਾਜ ਨਹੀਂ।

**ਲੱਛਣ :-** ਇਸ ਪ੍ਰਕਾਰ ਦੀ ਕਵਿਤਾ ਵਿੱਚ ਚਰਨਾਂ (ਤੁਕਾਂ) ਦੀ ਗਿਣਤੀ ਅਤੇ ਆਕਾਰ ਦਾ ਅਨਿਸ਼ਚਿਤ ਹੋਣਾ, ਤੁਕਾਂਤ ਦੀ ਅਣਹੋਂਦ, ਭਾਵਨਾ ਅਨੁਸਾਰ ਪ੍ਰਗਟਾਵਾ, ਛੰਦ ਦੀ ਬਣਤਰ ਤੋਂ ਮੁਕਤੀ, ਲੈਅ ਅਤੇ ਭਾਵਾਂ ਦੇ ਖਿਆਲਾਂ ਵਿੱਚ ਪਾਠਕ ਵਿਸਰਾਮ ਦੀ ਵਰਤੋਂ ਆਦਿ ਮੁੱਖ ਲੱਛਣ ਹੁੰਦੇ ਹਨ। ਇਸ ਤਰ੍ਹਾਂ ਅਜ਼ਾਦ ਪ੍ਰਵਾਹ ਆਦਿ ਮੁੱਖ ਲੱਛਣ ਵਾਲੀ ਕਵਿਤਾ ਨੂੰ ਅੰਗਰੇਜ਼ੀ ਵਾਲੇ ਫ੍ਰੀ ਵਰਸ (blank verse) ਕਹਿੰਦੇ ਹਨ। ਪਰ ਹਿੰਦੀ ਜਾਂ ਪੰਜਾਬੀ

ਇਸ ਅੰਦੋਲਨਾਂ ਨੇ ਇਸ ਦੀ ਸਾਰੀ ਕਵਿਤਾਵਾਂ ਵਿਚ ਹੈ
ਰਚਨ ਵੇਲੇ, ਰੰਗਾਂ ਵੇਲੇ, ਬੋਲਣ ਵੇਲੇ ਆਦਿ ਤਾਂ ਵਿਚਾਰ

**ਉਦਾਹਰਣ :-**

ਪੰਜਾਬੀ ਵਿੱਚ ਇਸ ਪ੍ਰਕਾਰ ਦੀ ਕਵਿਤਾ ਦਾ ਆਰੰਭ ਪ੍ਰੋ. ਪੂਰਨ ਸਿੰਘ ਨੇ ਕੀਤਾ ਸੀ। ਵਾਲਟ ਵ੍ਹਿਟਮੈਨ ਦੇ ਕਾਵਿ ਸੰਗ੍ਰਹਿ 'ਲੀਵਜ਼ ਆਫ਼ ਗ੍ਰਾਸ' (Leaves of Grass) ਤੋਂ ਪ੍ਰਭਾਵਿਤ ਰੂਪ ਵਿਚ ਪ੍ਰਗਟਾਇਆ ਗਇਆ ਸੀ। ਉਸ ਤੋਂ ਬਾਅਦ ਅਨੇਕ ਕਵੀਆਂ ਨੇ ਇਸ ਪ੍ਰਕਾਰ ਦੀ ਕਵਿਤਾ ਲਿਖੀ। ਪ੍ਰੋ. ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ ਦਾ ਇਕ ਨਮੂਨਾ ਹੇਠਾਂ ਹੈ :-

ਉਏ ! ਸਮੁੰਦਰ ਵਗੇ ਜਾਂਦੇ।
ਜਿੱਥੇ-ਜਿੱਥੇ ਪਿਆਸ ਜਿਨ੍ਹਾਂ ਦੇ,
ਉਨ੍ਹਾਂ ਵਿੱਚ ਬਲਦੀਆਂ ਜਿਨ੍ਹਾਂ ਦੀਆਂ ਜ਼ਿੰਦਗੀਆਂ,
ਸਾਰੇ ਸਾਰੇ ਸ਼ਹਿਰ, ਪਿੰਡ ਗਰਾਂ ਵਿਚ,
ਨਾ ਛੁਪਦੇ ਨਾ ਛੁਪਾਏ ਭੁੱਖ ਆਪਣੀ।
ਵੱਗੇ ਵੱਗੇ ਇਸ ਜਿਨ੍ਹਾਂ ਦੇ,
ਭੁੱਖੇ ਭਾਖੇ ਫੇਰ ਤੇ ਆਸੀਆਂ ਤੇਲੀਆਂ ਲੱਖਾਂ
ਜਿਨ੍ਹਾਂ ਦੀ ਗਰੀਬੀ ਜਿੱਥੀ,
ਜਿਨ੍ਹਾਂ ਦਾ ਸੰਤੋਖ ਵੱਡਾ,
ਇਹ ਨੀਵੇਂ ਪਾਣੀ ਵਾਂਗ,
ਸੋਹਣੇ ਸੀ ਨੂੰ ਪਿਆਰੇ।